# ਹਿੰਦੁਸਤਾਨ ਕਿਹੜੇ ਰਾਹ ?

ਹਿੰਦੁਸਤਾਨ ਦੀਆਂ ਹਾਕਮ ਜਮਾਤਾਂ, ਉਨ੍ਹਾਂ ਦੀ ਸਰਕਾਰ, ਉਨ੍ਹਾਂ ਦੇ ਮੀਡੀਏ ਅਤੇ ਸਾਮਰਾਜ ਨੇ ਅੱਜ ਕਲ ਸ਼ੋਰ ਮਚਾਇਆ ਹੋਇਆ ਹੈ ਕਿ ਹਿੰਦੁਸਤਾਨ ਆਲਮੀ ਪੱਧਰ ਤੇ ਇਕ ਮਹਾਨ ਸ਼ਕਤੀ ਦੇ ਤੌਰ ਤੇ ਉੱਭਰ ਰਿਹਾ ਹੈ ਅਤੇ ਇਹਦੀ ਪੈਦਾਵਾਰ ਨੌਂ ਦਸ ਫ਼ੀ ਸਦੀ ਸਾਲਾਨਾ ਦੀ ਦਰ ਨਾਲ ਕਈ ਸਾਲ ਹੋਰ ਵਧਦੀ ਰਹਿਣ ਦੀ ਉਮੀਦ ਹੈ। ਇਸ ਸ਼ੋਰ ਸ਼ਰਾਬੇ ਦਾ ਇਕ ਹਿਸਾ ਇਹ ਵੀ ਹੈ ਕਿ ਇਸ ਤਰ੍ਹਾਂ ਤੇਜ਼ੀ ਨਾਲ ਹੋ ਰਹੇ ਆਰਥਕ ਵਾਧੇ ਕਰਕੇ ਜਲਦੀ ਹੀ ਆਮ ਆਦਮੀ ਦੀ ਹਾਲਤ ਵੀ ਬਿਹਤਰ ਹੋ ਜਾਵੇਗੀ ਅਤੇ ਹਿੰਦੁਸਤਾਨ ਵਿਚ ਖ਼ੁਸ਼ਹਾਲੀ ਸਾਰੇ ਹੀ ਲੋਕਾਂ ਦੇ ਪੈਰ ਚੁੰਮੇਗੀ, ਬਸ ਉਨ੍ਹਾਂ ਨੂੰ ਸਿਰਫ਼ ਕੁਝ ਦੇਰ ਹੀ ਹੋਰ ਇੰਤਜ਼ਾਰ ਕਰਨ ਦੀ ਲੋੜ ਹੈ। ਲੋਕਾਂ ਦੀ ਗੁਰਬਤ ਖ਼ਤਮ ਕਰਨ ਅਤੇ ਖ਼ੁਸ਼ਹਾਲੀ ਦਾ ਹੜ੍ਹ ਲਿਆਉਣ ਦੇ ਇਸ ਨੁਸਖ਼ੇ ਵਿਚ ਲਿਬਰਲਾਈਜ਼ੇਸ਼ਨ, ਨਿੱਜੀਕਰਨ ਅਤੇ ਅਮਰੀਕਾ ਨਾਲ ਨੇੜਲੇ ਰਿਸ਼ਤੇ ਬਣਾਉਣਾ ਸ਼ਾਮਲ ਹੈ ਇਸ ਲਈ ਨਸੀਹਤ ਇਹ ਹੈ ਕਿ ਕਿਸੇ ਨੂੰ ਇਨ੍ਹਾਂ ਚੀਜ਼ਾਂ ਦੀ ਮੁਖ਼ਾਲਫ਼ਤ ਨਹੀਂ ਕਰਨੀ ਚਾਹੀਦੀ ਬਲਕਿ ਸਾਰਿਆਂ ਨੂੰ ਇਸ ਰਾਹ ਦੀ ਸਿਫ਼ਤ ਕਰਨੀ ਚਾਹੀਦੀ ਹੈ ਅਤੇ ਇਸ ਰਾਹ ਤੇ ਹੋਰ ਤੇਜ਼ੀ ਨਾਲ ਵਧਣ ਵਿਚ ਜੋ ਵੀ ਰੁਕਾਵਟਾਂ ਹਨ ਉਹ ਦੂਰ ਕਰਨੀਆਂ ਚਾਹੀਦੀਆਂ ਹਨ। ਇਹ ਰੁਕਾਵਟਾਂ ਹਨ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਕਰਮਚਾਰੀਆਂ ਦੇ ਅਤੇ ਹੋਰਨਾਂ ਲੋਕਾਂ ਦੇ ਆਪਣੇ ਹੱਕਾਂ ਲਈ ਸੰਘਰਸ਼। ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਨੁਮਾਇੰਦੇ ਇਹ ਦਲੀਲ ਦਿੰਦੇ ਥੱਕਦੇ ਨਹੀਂ ਕਿ ਲੋਕਾਂ ਦੇ ਇਹ ਸਭ ਮਸਲੇ ਪੈਦਾਵਾਰ ਵਧਣ ਨਾਲ ਆਪ ਹੀ ਹੱਲ ਹੋ ਜਾਣਗੇ।

ਇਹ ਦਾਅਵਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਖ਼ਜ਼ਾਨਾ ਮੰਤਰੀ ਚਿਦੰਬਰਮ ਅਤੇ ਹੋਰ ਕਈ ਅਰਥਸ਼ਾਸਤਰੀਆਂ ਨੇ ਹੁਣ ਇਕ ਵਾਰ ਫਿਰ ਕੀਤਾ ਹੈ ਅਤੇ ਲਗਾਤਾਰ ਕਰ ਰਹੇ ਹਨ। ਸੀ.ਪੀ.ਆਈ(ਐਮ) ਦੀ ਪੱਛਮੀ ਬੰਗਾਲ ਦੀ ਸਰਕਾਰ ਵੀ ਸਿੰਗੁਰ ਅਤੇ ਨੰਦੀਗਰਾਮ ਦੇ ਲੋਕਾਂ ਨੂੰ ਇਹੋ ਦਲੀਲ ਦੇ ਰਹੀ ਹੈ ਕਿ ਬੰਗਾਲ ਦੀ ਤਰੱਕੀ ਲਈ ਸਨਅਤੀਕਰਣ ਬਹੁਤ ਜ਼ਰੂਰੀ ਹੈ ਤੇ ਸਨਅਤਕਾਰਾਂ ਨੂੰ ਪੱਛਮੀ ਬੰਗਾਲ ਵਿਚ ਆਉਣ ਲਈ ਰਾਜ਼ੀ ਕਰਨ ਲਈ ਤੇ ਸਨਅਤੀ ਪੈਦਾਵਾਰ ਵਧਾਉਣ ਖ਼ਾਤਰ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਦੀ ਕੁਰਬਾਨੀ ਦੇਣੀ ਬਹੁਤ ਹੀ ਜ਼ਰੂਰੀ ਹੈ। ਵਧੀ ਹੋਈ ਪੈਦਾਵਾਰ ਅਤੇ ਦੌਲਤ ਨਾਲ ਉਨ੍ਹਾਂ ਦੇ ਆਰਥਕ, ਸਮਾਜੀ ਅਤੇ ਹੋਰ ਮਸਲੇ ਆਪਣੇ ਆਪ ਹੀ ਹੱਲ ਹੋ ਜਾਣਗੇ।

ਕੀ ਇਨ੍ਹਾਂ ਦਾ ਇਹ ਦਾਅਵਾ ਸਹੀ ਹੈ ਕਿ ਹਰ ਮਸਲੇ ਦਾ ਇਲਾਜ ਡਿਵੈਲਪਮੈਂਟ ਹੈ? ਜਾਂ ਇਹ ਕੁਝ ਲੋਕਾਂ ਦੀ ਅੱਖਾਂ ਵਿਚ ਘੱਟਾ ਪਾਉਣ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਆਪਣੇ ਹੱਕਾਂ ਲਈ ਘੋਲ ਛੱਡ ਦੇਣ ਅਤੇ ਆਪਣੀ ਜ਼ਿੰਦਗੀ ਦਾ ਫੈਸਲਾ ਆਪ ਕਰਨ ਦੇ ਰਾਹ ਪੈਣ ਦੀ ਬਜਾਏ ਸਭ ਕੁਝ ਹਾਕਮ ਜਮਾਤਾਂ ਦੇ ਹੱਥ ਵਿਚ ਛੱਡ ਦੇਣ?

ਜੇ ਹਿੰਦੁਸਤਾਨ ਦੇ ਪਿਛਲੇ ਵੀਹ ਸਾਲਾਂ ਤੇ ਨਜ਼ਰ ਮਾਰੀ ਜਾਵੇ, ਜਦੋਂ ਤੋਂ ਰਾਜੀਵ ਗਾਂਧੀ ਦੀ ਅਗਵਾਈ ਵਿਚ ਹਿੰਦੁਸਤਾਨ ਦੀ ਹਾਕਮ ਜਮਾਤਾਂ ਨੇ ਇਹ ਨਾਅਰਾ ਲਾਇਆ ਸੀ, ਤਾਂ ਤੱਥ ਆਪ ਬੋਲਦੇ ਹਨ ਕਿ ਹਕੀਕਤ ਕੀ ਹੈ। ਸਰਕਾਰ ਦੇ ਆਪਣੇ ਹੀ  ਅੰਕੜੇ ਦੱਸਦੇ ਹਨ ਕਿ ਲਗਾਤਾਰ ਆਰਥਕ ਵਾਧਾ ਹੋਣ ਦੇ ਬਾਵਜੂਦ ਹਿੰਦੁਸਤਾਨ ਦੀ 80% ਵਸੋਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਹੈ। ਦੁਨੀਆ ਦੇ ਭੁੱਖੇ ਬਚਿਆਂ ਦੀ ਕੁਲ ਨਫ਼ਰੀ ਦਾ 65% ਹਿਸਾ ਹਿੰਦੁਸਤਾਨ ਵਿਚ ਹੈ। ਇਨ੍ਹਾਂ 20 ਸਾਲਾਂ ਵਿਚ ਲੱਖਾਂ ਹੀ ਕਿਸਾਨਾਂ ਨੇ ਖ਼ੁਦਕੁਸ਼ੀਆਂ ਕਰ ਲਈਆਂ ਹਨ ਅਤੇ ਕਰੋੜਾਂ ਹੀ ਲੋਕ ਭੁੱਖ ਮਰੀ ਦੇ ਕਾਰਨ ਪਿੰਡਾਂ ਨੂੰ ਛੱਡਕੇ ਸ਼ਹਿਰਾਂ ਵਿਚ ਧੱਕੇ ਖਾਣ ਤੇ ਮਜਬੂਰ ਹੋ ਗਏ ਹਨ। ਹਰੇਕ ਸ਼ਹਿਰ ਅਤੇ ਕਸਬੇ ਵਿਚ ਭੁੱਖ ਦਾ ਇਹ ਨੰਗਾ ਨਾਚ ਦੇਖਣ ਨੂੰ ਆਮ ਮਿਲਦਾ ਹੈ। ਲੱਕ ਤੋੜ ਮਹਿੰਗਾਈ ਨੇ ਮਜ਼ਦੂਰਾਂ ਅਤੇ ਕਰਮਚਾਰੀਆਂ ਦਾ ਬੁਰਾ ਹਾਲ ਕੀਤਾ ਹੋਇਆ ਹੈ।

ਇਸ ਦਾ ਮਤਲਬ ਇਹ ਹੈ ਕਿ ਇਹ ਜ਼ਰੂਰੀ ਨਹੀਂ ਕਿ ਪੈਦਾਵਾਰ ਅਤੇ ਪੈਦਾਵਾਰ ਦੀ ਦਰ ਵਧਣ ਨਾਲ ਵਧੀ ਹੋਈ ਦੌਲਤ ਨਾਲ ਦੌਲਤ ਪੈਦਾ ਕਰਨ ਵਾਲਿਆਂ ਦੇ ਅਤੇ ਹੋਰ ਲੋਕਾਂ ਦੇ ਮਾਲੀ, ਸਮਾਜੀ ਅਤੇ ਹੋਰ ਮਸਲੇ ਆਪਣੇ ਆਪ ਹੀ ਹੱਲ ਹੋ ਜਾਂਦੇ ਹਨ ਜਿਸ ਦਾ ਦਾਅਵਾ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਮੁਦੱਬਰ ਕਰ ਰਹੇ ਹਨ। ਯੂਰਪ, ਅਮਰੀਕਾ ਅਤੇ ਹੋਰ ਮੁਲਕਾਂ ਦਾ ਪਿਛਲੇ 300 ਸਾਲ ਦਾ ਤਜਰਬਾ ਵੀ ਇਹ ਦੱਸਦਾ ਹੈ ਕਿ ਪੈਦਾਵਾਰ ਹਜ਼ਾਰਾਂ ਗੁਣਾ ਵਧਣ ਦੇ ਬਾਵਜੂਦ ਵੀ ਲੋਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਅਤੇ ਕੁਦਰਤ ਦੀਆਂ ਬਰਕਤਾਂ ਨਾਲ ਪੈਦਾ ਕੀਤੀ ਹੋਈ ਦੌਲਤ ਕੁਝ ਹੀ ਹੱਥਾਂ ਵਿਚ ਕੈਦ ਹੋ ਜਾਂਦੀ ਹੈ ਅਤੇ ਮਖਲੂਕ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਭਾਵੇਂ ਪੈਦਾਵਾਰ ਕਿੰਨੀ ਹੀ ਕਿਉਂ ਨਾ ਵੱਧ ਜਾਵੇ। ਫੈਸਲਾਕੁੰਨ ਇਹ ਗੱਲ ਹੁੰਦੀ ਹੈ ਕਿ ਕੁਦਰਤ ਅਤੇ ਲੋਕਾਂ ਦੀ ਮਿਹਨਤ ਨਾਲ ਪੈਦਾ ਕੀਤੀ ਹੋਈ ਦੌਲਤ ਨੂੰ ਸਮਾਜ ਵਿਚ ਕਿਸ ਤਰਾਂ ਵੰਡਿਆਂ ਜਾਂਦਾ ਹੈ ਅਤੇ ਦੌਲਤ ਪੈਦਾ ਕਰਨ ਵਾਲਿਆਂ ਅਤੇ ਹੋਰ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦਾ ਮਕਸਦ ਸਭ ਤੋਂ ਉਪਰ ਹੈ ਕਿ ਨਹੀਂ। ਜਿੰਨਾ ਚਿਰ ਪੈਦਾਵਾਰ ਦੀ ਤਕਸੀਮ ਸਮਾਜ ਵਿਚ ਗਲਤ ਹੈ ਤੇ ਲੋਕਾਂ ਦੀਆਂ ਲੋੜਾਂ ਤੇ ਮਸਲੇ ਹੱਲ ਕਰਨਾ ਪੈਦਾਵਾਰ ਦਾ ਮੰਤਵ ਨਹੀਂ ਉੰਨਾ ਚਿਰ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਤੇ ਮਸਲਿਆਂ ਦਾ ਹੱਲ ਨਹੀਂ ਹੋ ਸਕਦਾ ਪੈਦਾਵਾਰ ਵਿਚ ਵਿਚ ਜਿੰਨਾ ਮਰਜ਼ੀ ਵਾਧਾ ਹੋਈ ਜਾਵੇ

ਅੰਗ੍ਰੇਜ਼ ਬਸਤੀਵਾਦੀਆਂ ਨੇ ਵੀ 19ਵੀਂ ਸਦੀ ਦੇ ਅਖੀਰ ਅਤੇ 20ਵੀਂ ਸਦੀ ਦੇ ਸ਼ੁਰੂ ਵਿਚ ਹਿੰਦੁਸਤਾਨ ਵਿਚ ਨਹਿਰਾਂ, ਸੜਕਾਂ, ਰੇਲ ਲਾਈਨਾਂ ਅਤੇ ਤਾਰਾਂ ਦਾ ਜਾਲ ਵਿਛਾਇਆ ਸੀ। ਉਸ ਵੇਲੇ ਵੀ ਅੰਗਰੇਜ਼ ਨੇ ਅਤੇ ਉਨ੍ਹਾਂ ਦੇ ਝੋਲੀ ਚੁੱਕਾਂ ਨੇ ਦਾਅਵਾ ਕੀਤਾ ਸੀ ਇਸ ਡਿਵੈਲਪਮੈਂਟ ਨਾਲ ਹਿੰਦੁਸਤਾਨ ਦਾ ਪਛੜੇਵਾਂ ਖ਼ਤਮ ਹੋ ਜਾਵੇਗਾ ਅਤੇ ਪੈਦਾਵਾਰ ਵਧਣ ਨਾਲ ਅੰਗਰੇਜ਼ਾਂ ਦਾ ਰਾਜ ਹਿੰਦੁਸਤਾਨੀਆਂ ਲਈ ਖ਼ੁਸ਼ਹਾਲੀ ਦਾ ਮੀਂਹ ਪਾ ਦੇਵੇਗਾ। ਉਸ ਸਮੇਂ ਦੇ ਅੰਗਰੇਜ਼ੀ ਬਸਤੀਵਾਦ ਦੇ ਝੋਲੀਚੁਕਾਂ ਨੇ ਬਰਤਾਨੀਆ ਅਤੇ ਹਿੰਦੁਸਤਾਨ ਦੇ ਹਰੇਕ ਅਖ਼ਬਾਰ ਵਿਚ ਹੀ ਅਜੇਹਾ ਸ਼ੋਰ ਪਾਇਆ ਗਿਆ ਸੀ ਪਰ ਇਸ ਦਾ ਨਤੀਜਾ ਕੁਝ ਹੋਰ ਹੀ ਨਿਕਲਿਆ ਸੀ। ਪੈਦਾਵਾਰ ਕਈ ਗੁਣਾਂ ਵਧਣ ਦੇ ਬਾਵਜੂਦ ਕਰੋੜਾਂ ਹੀ ਲੋਕ ਕਾਲ ਅਤੇ ਭੁੱਖ-ਮਰੀ ਦਾ ਸ਼ਿਕਾਰ ਹੋਏ ਸਨ।

ਇਤਿਹਾਸ ਦੱਸਦਾ ਹੈ ਕਿ ਲਿਬਰਲ ਡਿਵੈਲਪਮੈਂਟ ਦਾ ਨਤੀਜਾ ਇਹੀ ਹੁੰਦਾ ਹੈ। ਹਿੰਦੁਸਤਾਨ ਅਤੇ ਦੁਨੀਆ ਦੇ ਲੋਕਾਂ ਦਾ ਵੀ ਇਹ ਹੀ ਤਜਰਬਾ ਹੈ। ਪੈਦਾਵਾਰ ਦੀਆਂ ਤਾਕਤਾਂ, ਕੁਦਰਤ ਦੇ ਵਸੀਲਿਆਂ ਅਤੇ ਮਿਹਨਤ ਨਾਲ ਪੈਦਾ ਕੀਤੀ ਹੋਈ ਦੌਲਤ ਨੂੰ ਜੇ ਦੌਲਤ ਪੈਦਾ ਕਰਨ ਵਾਲੇ ਅਤੇ ਆਮ ਲੋਕ ਆਪਣੇ ਵੱਸ ਵਿਚ ਕਰਕੇ ਆਪਣੀਆਂ ਲੋੜਾਂ ਪੂਰੀਆਂ ਕਰਨ ਦਾ ਉਪਰਾਲਾ ਨਹੀਂ ਕਰਦੇ ਤਾਂ ਇਹ ਦੌਲਤ ਉਨ੍ਹਾਂ ਲਈ ਇਕ ਸਰਾਪ ਹੀ ਸਾਬਤ ਹੁੰਦੀ ਹੈ ਜੋ ਕੁਝ ਅਮੀਰਾਂ ਦੇ ਹੱਥ ਵਿਚ ਚਲੀ ਜਾਂਦੀ ਹੈ ਤੇ ਉਨ੍ਹਾਂ ਨੂੰ ਦਬਾਉਣ ਅਤੇ ਕੁਚਲਣ ਲਈ ਅਤੇ ਉਨ੍ਹਾਂ ਦੇ ਹੱਕਾਂ ਤੇ ਸੱਟ ਮਾਰਨ ਲਈ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਰਾਜਤੰਤ੍ਰ ਵਲੋਂ ਵਰਤੀ ਜਾਂਦੀ ਹੈ।

ਲੋਕ ਆਪਣੇ ਘੋਲਾਂ ਨਾਲ ਹਿੰਦੁਸਤਾਨ ਦੀ ਦਿਸ਼ਾ ਤੇ ਦਸ਼ਾ ਬਦਲ ਸਕਦੇ ਹਨ ਅਤੇ ਆਪਣੀ ਮਿਹਨਤ ਅਤੇ ਕੁਦਰਤ ਦੇ ਵਸੀਲਿਆਂ ਨਾਲ ਪੈਦਾ ਕੀਤੀ ਹੋਈ ਦੌਲਤ ਆਪਣੇ ਹੱਥ ਵਿਚ ਲੈ ਕੇ ਹੀ ਆਪਣੀਆਂ ਲੋੜਾਂ ਪੂਰੀਆਂ ਕਰ ਸਕਦੇ ਹਨ। ਮਨਮੋਹਨ ਸਿੰਘ, ਚਿਦੰਬਰਮ ਅਤੇ ਪ੍ਰਕਾਸ਼ ਕਰਾਤ ਵਰਗਿਆਂ ਦੇ ਦਾਅਵੇ ਫੋਕੇ ਹਨ ਤੇ ਉਨ੍ਹਾਂ ਨੂੰ ਕੁਰਾਹੇ ਪਾਉਣ ਲਈ ਹਨ। ਇਨ੍ਹਾਂ ਦਾ ਹਕੀਕਤ ਨਾਲ ਕੋਈ ਸੰਬੰਧ ਨਹੀਂ। ਲੋਕਾਂ ਨੂੰ ਆਪਣੇ ਤਜਰਬੇ ਅਤੇ ਤਾਰੀਖ਼ ਵੱਲ ਧਿਆਨ ਦੇ ਕੇ ਤੱਤ ਕੱਢਣ ਦੀ ਲੋੜ ਹੈ ਅਤੇ ਇਸ ਬੁਨਿਆਦ ਤੇ ਦੌਲਤ ਆਪਣੇ ਹੱਥ ਲੈਣ ਲਈ ਘੋਲ ਚਲਾਉਣ ਦੀ ਲੋੜ ਹੈ।